## ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ, ਐਸ.ਏ.ਐਸ ਨਗਰ।

ਸੇਵਾ ਵਿਖੇ

1. ਮੰਤਰੀ ਇੰਚਾਰਜ,
   ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ,
   ਪੰਜਾਬ, ਚੰਡੀਗੜ੍ਹ ।
2. ਮੁੱਖ ਸਕੱਤਰ, ਪੰਜਾਬ ਸਰਕਾਰ,
   ਪੰਜਾਬ, ਚੰਡੀਗੜ੍ਹ।
3. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
   ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ,
   ਪੰਜਾਬ, ਚੰਡੀਗੜ੍ਹ।
4. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
   ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ।
5. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
   ਵਿੱਤ ਵਿਭਾਗ, ਪੰਜਾਬ, ਚੰਡੀਗੜ੍ਹ।
6. ਪ੍ਰਮੁੱਖ ਸਕੱਤਰ/ਮੁੱਖ ਮੰਤਰੀ,
   ਪੰਜਾਬ।
7. ਮੁੱਖ ਪ੍ਰਸ਼ਾਸਕ,
   ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ,
   ਸਾਹਿਬਜਾਦਾ ਅਜੀਤ ਸਿੰਘ ਨਗਰ।
8. ਮੁੱਖ ਨਗਰ ਯੋਜਨਾਕਾਰ, ਪੰਜਾਬ,
   ਪੁੱਡਾ ਭਵਨ, ਸੈਕਟਰ-62, ਸਾਹਿਬਜਾਦਾ ਅਜੀਤ ਸਿੰਘ ਨਗਰ।

ਨੰ: ਪੁੱਡਾ-ਤਾਲਮੇਲ ਸਾਖਾ-ਸ-1/2021/ 9236-43 ਮਿਤੀ:- 23/4/2021

ਵਿਸ਼ਾ:- <u>ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ (ਗਮਾਡਾ) ਦੀ 27ਵੀਂ ਅਥਾਰਟੀ ਮੀਟਿੰਗ ਦੀ ਕਾਰਵਾਈ ਜਾਰੀ ਕਰਨ ਬਾਰੇ।</u>

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ (ਗਮਾਡਾ) ਦੀ 27ਵੀਂ ਮੀਟਿੰਗ ਜੋ ਕਿ ਮਿਤੀ: 01.04.2021 ਨੂੰ ਬਾਅਦ ਦੁਪਹਿਰ 3.30 ਵਜੇ ਮਾਨਯੋਗ ਮੁੱਖ ਮੰਤਰੀ, ਪੰਜਾਬ-ਕਮ-ਚੇਅਰਮੈਨ(ਗਮਾਡਾ) ਜੀ ਦੀ ਪ੍ਰਧਾਨਗੀ ਹੇਠ ਵੀਡਿਓ ਕੰਨਫਰੈਸਿੰਗ ਰਾਹੀਂ ਹੋਈ, ਦੀ ਕਾਰਵਾਈ (Proceedings) ਦੀ ਕਾਪੀ ਆਪ ਜੀ ਨੂੰ ਸੂਚਨਾਂ/ਅਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ ਜੀ।

ਨੱਥੀ: ਮੀਟਿੰਗ ਦੀ ਕਾਰਵਾਈ ਦੀ ਕਾਪੀ।

23-4-2021
( ਸੰਜੀਵ ਕੁਮਾਰ )
ਸੁਪਰਡੰਟ (ਤਾਲਮੇਲ)

ਪਿੱਠ ਅੰਕਣ ਨੰ: ਪੁੱਡਾ-ਤਾਲਮੇਲ ਸਾਖਾ-ਸ-1-2021/ 9244 ਮਿਤੀ:-23/4/2021

ਉਪਰੋਕਤ ਦਾ ਉਤਾਰਾ ਨਿੱਜੀ ਸਕੱਤਰ/ਮੁੱਖ ਮੰਤਰੀ ਪੰਜਾਬ ਨੂੰ ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

ਨੱਥੀ: ਮੀਟਿੰਗ ਦੀ ਕਾਰਵਾਈ ਦੀ ਕਾਪੀ।

23-4-2021
( ਸੰਜੀਵ ਕੁਮਾਰ )
ਸੁਪਰਡੰਟ (ਤਾਲਮੇਲ)

ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ, ਐਸ.ਏ.ਐਸ ਨਗਰ।

ਪਿੱਠ ਅੰਕਣ ਨੰ: ਪੁੱਡਾ-ਤਾਲਮੇਲ ਸਾਖਾ-ਸ-1-2021/ 9245 ਮਿਤੀ:- 23/4/2021

ਪੱਤਰ ਦਾ ਉਤਾਰਾ ਵਧੀਕ ਮੁੱਖ ਪ੍ਰਸ਼ਾਸਕ, ਗਮਾਡਾ, ਐਸ.ਏ.ਐਸ ਨਗਰ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

ਨੱਥੀ: ਮੀਟਿੰਗ ਦੀ ਕਾਰਵਾਈ ਦੀ ਕਾਪੀ।

( ਸੰਜੀਵ ਕੁਮਾਰ ) 23-4-2021
ਸੁਪਰਡੰਟ (ਤਾਲਮੇਲ)

ਪਿੱਠ ਅੰਕਣ ਨੰ: ਪੁੱਡਾ-ਤਾਲਮੇਲ ਸਾਖਾ-ਸ-1-2021/ 9246 ਮਿਤੀ:- 23/4/2021

ਪੱਤਰ ਦਾ ਉਤਾਰਾ ਵਧੀਕ ਮੁੱਖ ਪ੍ਰਸ਼ਾਸਕ(ਵਿੱਤ ਤੇ ਲੇਖਾ), ਗਮਾਡਾ, ਐਸ.ਏ.ਐਸ ਨਗਰ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

ਨੱਥੀ: ਮੀਟਿੰਗ ਦੀ ਕਾਰਵਾਈ ਦੀ ਕਾਪੀ।

( ਸੰਜੀਵ ਕੁਮਾਰ ) 23-4-2021
ਸੁਪਰਡੰਟ (ਤਾਲਮੇਲ)

ਪਿੱਠ ਅੰਕਣ ਨੰ: ਪੁੱਡਾ-ਤਾਲਮੇਲ ਸਾਖਾ-ਸ-1-2021/ 9247-52 ਮਿਤੀ:- 23/4/2021

ਪੱਤਰ ਦਾ ਉਤਾਰਾ ਸਮੇਤ ਮੀਟਿੰਗ ਦੀ ਕਾਰਵਾਈ ਹੇਠ ਲਿਖੇ ਦਫਤਰਾਂ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਦਫਤਰ ਨਾਲ ਸਬੰਧਤ ਮੱਦ ਬਾਰੇ ਹੋਏ ਫੈਸਲੇ ਅਨੁਸਾਰ ਲੋੜੀਂਦੀ ਕਾਰਵਾਈ ਕਰਨ ਉਪਰੰਤ ਕੀਤੀ ਕਾਰਵਾਈ ਰਿਪੋਰਟ ਇਸ ਦਫਤਰ ਨੂੰ ਮਿਤੀ 07.05.2021 ਤੱਕ ਭਿਜਵਾਈ ਜਾਵੇ ਜੀ ਤਾਂ ਜੋ ਮਾਨਯੋਗ ਮੁੱਖ ਪ੍ਰਸ਼ਾਸਕ, ਗਮਾਡਾ ਜੀ ਵੱਲੋਂ ਕੀਤੇ ਹੁਕਮਾਂ ਅਨੁਸਾਰ ਫੈਸਲਿਆ ਤੇ ਕੀਤੀ ਕਾਰਵਾਈ ਸਬੰਧੀ ਕੇਸ ਪੁੱਟ-ਅਪ ਕੀਤਾ ਜਾ ਸਕੇ ਜੀ:-

1. ਭੌਂ ਪ੍ਰਾਪਤੀ ਕੁਲੈਕਟਰ, ਗਮਾਡਾ, ਐਸ.ਏ.ਐਸ ਨਗਰ।
2. ਮਿਲਖ ਅਫਸਰ(ਪਾਲਿਸੀ/ਪਲਾਟਸ), ਗਮਾਡਾ, ਐਸ.ਏ.ਐਸ ਨਗਰ।
3. ਮੁੱਖ ਲੇਖਾ ਅਫਸਰ, ਗਮਾਡਾ, ਐਸ.ਏ.ਐਸ ਨਗਰ।
4. ਮੁੱਖ ਇੰਜਨੀਅਰ, ਗਮਾਡਾ, ਐਸ.ਏ.ਐਸ ਨਗਰ।
5. ਸਹਾਇਕ ਲੋਕ ਸੰਪਰਕ ਅਫਸਰ, ਗਮਾਡਾ, ਐਸ.ਏ.ਐਸ ਨਗਰ।

ਨੱਥੀ: ਮੀਟਿੰਗ ਦੀ ਕਾਰਵਾਈ ਦੀ ਕਾਪੀ।

( ਸੰਜੀਵ ਕੁਮਾਰ ) 23-4-2021
ਸੁਪਰਡੰਟ (ਤਾਲਮੇਲ)

**<u>ਮਾਨਯੋਗ ਮੁੱਖ ਮੰਤਰੀ, ਪੰਜਾਬ-ਕਮ-ਚੇਅਰਮੈਨ, ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਦੀ ਪ੍ਰਧਾਨਗੀ ਹੇਠ ਮਿਤੀ 01.04.2021 ਨੂੰ ਬਾਅਦ ਦੁਪਹਿਰ 3.30 ਵਜੇ ਹੋਈ ਗਮਾਡਾ ਅਥਾਰਟੀ ਦੀ 27ਵੀਂ ਮੀਟਿੰਗ ਦੀ ਕਾਰਵਾਈ ।</u>**

ਮੀਟਿੰਗ ਵਿੱਚ ਹੇਠ ਲਿਖੇ ਅਨੁਸਾਰ ਮੈਂਬਰਾਂ ਨੇ ਭਾਗ ਲਿਆ:-

| ਲੜੀ ਨੰ | ਅਧਿਕਾਰੀ ਦਾ ਨਾਮ ਅਤੇ ਅਹੁਦਾ<br>ਸਰਵ ਸ਼੍ਰੀ/ਸ਼੍ਰੀਮਤੀ | ਅਹੁਦਾ |
|---|---|---|
| 1. | ਸੁਖਬਿੰਦਰ ਸਿੰਘ ਸਰਕਾਰੀਆ,<br>ਮੰਤਰੀ ਇੰਚਾਰਜ<br>ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ, ਪੰਜਾਬ। | ਕੋ-ਚੇਅਰਮੈਨ |
| 2. | ਵਿਨੀ ਮਹਾਜਨ, ਆਈ.ਏ.ਐਸ.<br>ਮੁੱਖ ਸਕੱਤਰ, ਪੰਜਾਬ ਸਰਕਾਰ,<br>ਪੰਜਾਬ, ਚੰਡੀਗੜ੍ਹ। | ਮੈਂਬਰ |
| 3. | ਸਰਵਜੀਤ ਸਿੰਘ, ਆਈ.ਏ.ਐਸ.<br>ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,<br>ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ,<br>ਪੰਜਾਬ, ਚੰਡੀਗੜ੍ਹ। | ਵਾਈਸ ਚੇਅਰਮੈਨ |
| 4. | ਕੇ.ਏ.ਪੀ. ਸਿਨਹਾ, ਆਈ.ਏ.ਐਸ<br>ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,<br>ਵਿੱਤ ਵਿਭਾਗ, ਪੰਜਾਬ, ਚੰਡੀਗੜ੍ਹ। | ਮੈਂਬਰ |
| 5. | ਤੇਜਵੀਰ ਸਿੰਘ, ਆਈ.ਏ.ਐਸ.<br>ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ। | ਮੈਂਬਰ |
| 6. | ਅਜੋਏ ਕੁਮਾਰ ਸਿਨਹਾ, ਆਈ.ਏ.ਐਸ.<br>ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,<br>ਸਥਾਨਕ ਸਰਕਾਰ, ਪੰਜਾਬ, ਚੰਡੀਗੜ੍ਹ। | ਮੈਂਬਰ |
| 7. | ਪ੍ਰਦੀਪ ਕੁਮਾਰ ਅਗਰਵਾਲ, ਆਈ.ਏ.ਐਸ.<br>ਮੁੱਖ ਪ੍ਰਸ਼ਾਸਕ, ਗਮਾਡਾ, ਐਸ.ਏ.ਐਸ.ਨਗਰ । | ਮੈਂਬਰ |

| | | |
|---|---|---|
| 8. | ਪੰਕਜ ਬਾਵਾ, ਮੁੱਖ ਨਗਰ ਯੋਜਨਾਕਾਰ, ਪੰਜਾਬ। | ਮੈਂਬਰ |

ਮੀਟਿੰਗ ਵਿੱਚ ਲੜੀਵਾਰ ਅਜੰਡਾ ਆਈਟਮ ਤੇ ਵਿਚਾਰ ਕੀਤਾ ਗਿਆ ਅਤੇ ਹੇਠ ਲਿਖੇ ਅਨੁਸਾਰ ਫੈਸਲਾ ਕੀਤਾ ਗਿਆ :-

**ਅਜੰਡਾ ਆਈਟਮ ਨੰ: 27.01**

**ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਿਟੀ (ਗਮਾਡਾ) ਦੀ 26ਵੀ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ।**

ਅਥਾਰਟੀ ਵੱਲੋਂ ਗਮਾਡਾ ਅਥਾਰਟੀ ਦੀ ਮਿਤੀ 23.10.2020 ਨੂੰ ਹੋਈ 26ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

**ਅਜੰਡਾ ਆਈਟਮ ਨੰ: 27.02**

**ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ ਦੀ 26ਵੀਂ ਮੀਟਿੰਗ ਜੋ ਕਿ ਮਿਤੀ 23-10-2020 ਨੂੰ ਹੋਈ ਸੀ, ਵਿੱਚ ਲਏ ਗਏ ਫੈਸਲਿਆਂ ਤੇ ਕੀਤੀ ਗਈ ਕਾਰਵਾਈ ਦਾ ਮੱਦ-ਵਾਰ ਵਿਵਰਣ।**

ਅਥਾਰਟੀ ਵੱਲੋਂ ਵਿਚਾਰ-ਵਟਾਂਦਰੇ ਉਪਰੰਤ ਗਮਾਡਾ ਅਥਾਰਟੀ ਦੀ 26ਵੀਂ ਮੀਟਿੰਗ ਜੋ ਮਿਤੀ 23.10.2020 ਨੂੰ ਹੋਈ, ਵਿੱਚ ਲਏ ਫੈਸਲਿਆਂ ਤੇ ਦਫਤਰ ਵੱਲੋਂ ਕੀਤੀ ਗਈ ਕਾਰਵਾਈ ਦੇ ਮੱਦ-ਵਾਰ ਵਿਵਰਣ ਤੇ ਤਸੱਲੀ ਪ੍ਰਗਟਾਈ।

**ਅਜੰਡਾ ਆਈਟਮ ਨੰ: 27.03**

**ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਦੀ ਕਾਰਜਕਾਰੀ ਕਮੇਟੀ ਦੀ ਮਿਤੀ 23.03.2021 ਨੂੰ ਹੋਈ 24ਵੀਂ ਮੀਟਿੰਗ ਦੀ ਕਾਰਵਾਈ ਸਤਿਆਪਨ (ਰੈਟੀਫਿਕੇਸ਼ਨ) ਬਾਰੇ।**

ਅਥਾਰਟੀ ਵੱਲੋਂ ਗਮਾਡਾ ਦੀ ਕਾਰਜਕਾਰੀ ਕਮੇਟੀ ਦੀ 24ਵੀਂ ਮੀਟਿੰਗ ਜੋ ਮਿਤੀ 23.03.2021 ਨੂੰ ਹੋਈ, ਦੀ ਕਾਰਵਾਈ ਨੂੰ ਸਤਿਆਪਨ (ਰੈਟੀਫਿਕੇਸ਼ਨ) ਕੀਤਾ ਗਿਆ।

**ਅਜੰਡਾ ਆਈਟਮ ਨੰ: 27.04**

**Operation & Maintenance of Baba Banda Singh Bahadur Memorial Chappar Chiri, S.A.S. Nagar on PPP Mode ਤੇ ਦੇਣ ਸਬੰਧੀ।**

ਅਥਾਰਟੀ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਮੈਮੋਰੀਅਲ ਚੱਪੜਚਿੜੀ, ਐਸ.ਏ.ਐਸ.ਨਗਰ ਨੂੰ PPP Mode ਤੇ ਸਾਂਭ ਸੰਭਾਲ ਅਤੇ ਰੱਖ-ਰਖਾਵ ਲਈ engage ਕੀਤੀ ਏਜੰਸੀ ਨੂੰ ਦਿੱਤੀ ਜਾਣ ਵਾਲੀ VGF (Viability Gap Funding) 42.00 ਲੱਖ ਰੁਪਏ ਸਾਲਾਨਾ ਗਮਾਡਾ ਦੇ ਖਰਚੇ ਵਿੱਚੋਂ ਦੇਣ ਦੀ ਮੰਨਜ਼ੂਰੀ ਦਿੱਤੀ ਗਈ।

## ਅਜੰਡਾ ਆਈਟਮ ਨੰ: 27.05

**ਪੁੱਡਾ ਅਤੇ ਹੋਰ ਅਥਾਰਿਟੀਆਂ ਵਿੱਚ ਉਸਾਰੀ ਲਈ ਵਰਤੇ ਜਾਂਦੇ ਪਾਣੀ ਲਈ ਵਸੂਲੇ ਜਾਂਦੇ ਰੇਟਾਂ ਸਬੰਧੀ।**

ਗਮਾਡਾ ਅਥਾਰਟੀ ਵੱਲੋਂ ਮਹਿਕਮੇ ਦੀ ਤਜਵੀਜ ਕਿ ਬਿਲਡਿੰਗ ਦੀ ਉਸਾਰੀ ਦੌਰਾਨ ਉਸਾਰੀ ਦੀ ਪੂਰੀ ਕੀਮਤ ਦਾ 1.5 ਪ੍ਰਤੀਸਤ ਜਾਂ 20 ਰੁਪਏ ਪ੍ਰਤੀ ਵਰਗ ਗਜ ਜੋ ਵੀ ਵੱਧ ਹੋਵੇਗਾ, ਨੂੰ 2 ਸਾਲ ਤੱਕ ਲਾਗੂ ਕਰਨ ਦੀ ਤਜਵੀਜ ਨੂੰ ਪ੍ਰਵਾਨਗੀ ਦਿੱਤੀ ਗਈ ਅਤੇ 2 ਸਾਲ ਤੋਂ ਬਾਅਦ ਮੀਟਰ ਕੁਨੈਕਸ਼ਨ ਰਾਹੀਂ ਪਾਣੀ ਸਪਲਾਈ ਕਰਨ ਦੀ ਤਜਵੀਜ ਪ੍ਰਵਾਨ ਕੀਤੀ ਗਈ।

## ਅਜੰਡਾ ਆਈਟਮ ਨੰ: 27.06

**ਸ਼ਰਾਬ ਦੇ ਠੇਕਿਆਂ ਦੀ ਅਲਾਟਮੈਂਟ ਲਈ ਪਾਲਿਸੀ ਨਿਰਧਾਰਿਤ ਕਰਨ ਸਬੰਧੀ।**

ਕੈਬਨਿਟ ਵੱਲੋਂ ਕੀਤੇ ਗਏ ਫੈਸਲੇ ਦੇ ਮੱਦੇਨਜ਼ਰ ਅਥਾਰਟੀ ਵੱਲੋਂ ਇਸ ਬਾਬਤ ਮਿਤੀ 23.10.2020 ਨੂੰ ਕੀਤੇ ਫੈਸਲੈ ਨੂੰ ਇੱਕ ਸਾਲ ਲਈ ਮੁਲਤਵੀ ਕੀਤਾ ਗਿਆ।

## ਅਜੰਡਾ ਆਈਟਮ ਨੰ: 27.07

**Transfer of land measuring 80 kanal 16 marla from GMADA to PSIEC in Mohali.**

ਅਥਾਰਟੀ ਵੱਲੋਂ ਆਈ.ਟੀ. ਸਿਟੀ ਵਿਖੇ 10 ਏਕੜ ਜਮੀਨ PSIEC ਨੂੰ ਟਰਾਂਸਫਰ ਕਰਨ ਦੀ ਤਜਵੀਜ ਇਸ ਸ਼ਰਤ ਤੇ ਮੰਨਜੂਰ ਕੀਤੀ ਗਈ ਕਿ PSIEC ਵੱਲੋਂ ਇਸ ਜਮੀਨ ਨੂੰ ਆਈ.ਟੀ. ਪਾਲਿਸੀ ਮੁਤਾਬਿਕ ਵਰਤੋਂ ਵਿੱਚ ਲਿਆਂਦਾ ਜਾਵੇਗਾ।

## ਅਜੰਡਾ ਆਈਟਮ ਨੰ: 27.08

**ਪਰਿਵਾਰ ਵਿੱਚ ਤਬਦੀਲ ਕੀਤੀ ਗਈ ਜਾਇਦਾਦ ਵਿੱਚ ਪੀ.ਐਲ.ਸੀ. (Preferential Location Charges) ਚਾਰਜ ਨਾ ਕਰਨ ਬਾਰੇ।**

ਅਥਾਰਟੀ ਵੱਲੋਂ ਅਸਲ ਭੋਂ ਮਾਲਕਾਂ ਜਿਨ੍ਹਾਂ ਵੱਲੋਂ ਆਪਣੀ ਫੈਮਲੀ ਵਿੱਚ ਐਲ.ਓ.ਆਈ ਟਰਾਂਸਫਰ ਕੀਤੇ ਹੋਣ ਜਾਂ ਆਪਸ ਵਿੱਚ ਆਪਣੇ ਕੋ-ਸ਼ੇਅਰਰ (ਆਪਣੇ ਹਿੱਸੇ ਦੇ ਅੰਦਰ ਹੀ) ਨਾਲ ਟਰਾਂਸਫਰ ਕੀਤਾ ਹੋਵੇ, ਪੀ.ਐਲ.ਸੀ ਚਾਰਜਿਜ਼ waive off ਕਰਨ ਦੀ ਮੰਨਜ਼ੂਰੀ ਦਿੱਤੀ ਗਈ।

## ਅਜੰਡਾ ਆਈਟਮ ਨੰ: 27.09

**ਐਨ.ਐਚ. 64 ਤੋਂ ਲੈਕੇ ਪਿੰਡ ਸਨੌਲੀ (ਨੇੜੇ ਸ਼ਿਪਰਾ ਅਸਟੇਟ) ਤੱਕ ਦੀ 200 ਫੁੱਟ ਚੌੜੀ ਪੀ.ਆਰ-7 ਸੜਕ ਐਨ.ਐਚ.ਏ.ਆਈ ਨੂੰ ਸੌਂਪਣ ਦੀ ਕਾਰਜ-ਬਾਅਦ ਪ੍ਰਵਾਨਗੀ ਸਬੰਧੀ।**

ਅਥਾਰਟੀ ਵੱਲੋਂ ਐਨ.ਐਚ. 64 ਤੋਂ ਪਿੰਡ ਸਨੌਲੀ ਤੱਕ ਗਮਾਡਾ ਵੱਲੋਂ 200 ਫੁੱਟ ਚੌੜੀ ਪੀ.ਆਰ-7 ਸੜਕ ਨੂੰ ਐਨ.ਐਚ.ਏ.ਆਈ ਨੂੰ ਸੌਂਪਣ ਦੀ ਕਾਰਜ-ਬਾਅਦ ਪ੍ਰਵਾਨਗੀ ਦਿੱਤੀ ਗਈ।

## ਅਜੰਡਾ ਆਈਟਮ ਨੰ: 27.10

**ਸੈਕਟਰ-89, ਐਸ. ਏ. ਐਸ. ਨਗਰ ਅਤੇ ਈਕੋਸਿਟੀ-02, ਨਿਊ ਚੰਡੀਗੜ੍ਹ ਵਿਖੇ ਧਾਰਮਿਕ ਮੰਤਵ ਲਈ ਈਅਰ ਮਾਰਕ ਕੀਤੀਆਂ ਗਈਆਂ ਸਾਈਟਾਂ ਦੀ ਅਲਾਟਮੈਂਟ ਕਰਨ ਬਾਰੇ।**

ਅਥਾਰਟੀ ਵੱਲੋਂ ਸੈਕਟਰ-89 ਅਤੇ ਈਕੋ ਸਿਟੀ-2, ਨਿਊ ਚੰਡੀਗੜ੍ਹ ਵਿਖੇ ਧਾਰਮਿਕ ਮੰਤਵ ਲਈ ਈਅਰਮਾਰਕ ਕੀਤੀਆਂ ਗਈਆਂ ਸਾਈਟਾਂ ਵਿਸ਼ਵਾ ਪ੍ਰਮਾਰਥ ਫਾਊਂਡੇਸ਼ਨ, ਪੰਚਕੂਲਾ ਅਤੇ ਸ਼੍ਰੀ ਸਿੱਧ ਬਾਬਾ ਬਾਲਕ ਨਾਥ ਟਰੱਸਟ, ਚੰਡੀਗੜ੍ਹ ਨੂੰ ਅਲਾਟ ਕਰਨ ਦੀ ਕਾਰਜ-ਬਾਅਦ ਪ੍ਰਵਾਨਗੀ ਦਿੱਤੀ ਗਈ।

## ਅਜੰਡਾ ਆਈਟਮ ਨੰ: 27.11

**ਮੁੱਖ ਮੰਤਰੀ ਰਾਹਤ ਕੋਸ਼ ਵਿੱਚ ਗਮਾਡਾ ਵਲੋ ਕੀਤੇ 50.00 ਲੱਖ ਰੁਪਏ ਦੇ ਅਨੁਦਾਨ ਦੀ ਕਾਰਜ-ਬਾਅਦ ਪ੍ਰਵਾਨਗੀ ਲੈਣ ਬਾਰੇ।**

ਅਥਾਰਟੀ ਵੱਲੋਂ ਗਮਾਡਾ ਵੱਲੋਂ ਮੁੱਖ ਮੰਤਰੀ ਰਾਹਤ ਕੋਸ਼ ਵਿੱਚ 50.00 ਲੱਖ ਰੁਪਏ ਦੇ ਕੀਤੇ ਅਨੁਦਾਨ ਦੀ ਕਾਰਜ-ਬਾਅਦ ਪ੍ਰਵਾਨਗੀ ਦਿੱਤੀ ਗਈ।

## ਅਜੰਡਾ ਆਈਟਮ ਨੰ: 27.12

**ਗਮਾਡਾ ਵਿੱਚ ਸਾਲ 2020-21 ਦੌਰਾਨ ਚੱਲ ਰਹੇ ਕੰਮਾਂ ਦੀ ਪ੍ਰਗਤੀ ਦੀ ਸੂਚਨਾ।**

ਅਥਾਰਟੀ ਵੱਲੋਂ ਗਮਾਡਾ ਵਿੱਚ ਸਾਲ 2020-2021 ਦੌਰਾਨ ਚੱਲ ਰਹੇ ਕੰਮਾਂ ਦੀ ਸਥਿਤੀ ਨੂੰ ਨੋਟ ਕੀਤਾ ਗਿਆ।

## ਅਜੰਡਾ ਆਈਟਮ ਨੰ: 27.13

**ਗਮਾਡਾ ਵੱਲੋਂ ਤਕਰੀਬਨ 1700 ਏਕੜ ਦੇ ਏਰੀਏ ਵਿੱਚ ਐਰੋਟ੍ਰੋਪਾਲਿਸ ਦੀ ਸਥਾਪਨਾ ਕਰਨ ਸਬੰਧੀ।**

ਗਮਾਡਾ ਵੱਲੋਂ ਐਰੋਟ੍ਰੋਪਾਲਿਸ ਸਥਾਪਤ ਕਰਨ ਦੇ ਸਟੇਟਸ ਨੂੰ ਨੋਟ ਕੀਤਾ ਗਿਆ।

## ਅਜੰਡਾ ਆਈਟਮ ਨੰ: 27.14

**ਸੈਕਟਰ-101 ਵਿਖੇ ਪੈਂਦੇ ਉਦਯੋਗਿਕ ਸੈਕਟਰ ਲਈ ਪ੍ਰਾਪਤ ਕੀਤੀ ਜਾਣ ਵਾਲੀ ਭੌਂ ਸਬੰਧੀ ਜਾਣਕਾਰੀ ਹਿੱਤ ਅਜੰਡਾ ।**

ਅਥਾਰਟੀ ਵੱਲੋਂ ਸੈਕਟਰ-101 ਵਿਖੇ ਪੈਂਦੇ ਉਦਯੋਗਿਕ ਸੈਕਟਰ ਲਈ ਭੌਂ ਪ੍ਰਾਪਤੀ ਦੇ ਸਟੇਟਸ ਨੂੰ ਨੋਟ ਕੀਤਾ ਗਿਆ।

## ਅਜੰਡਾ ਆਈਟਮ ਨੰ: 27.15

**Adoption of "Dispute Resolution Clause" In IT City Scheme in terms of Punjab State Real Estate (Regulation & Development) Rules, 2017.**

ਅਥਾਰਟੀ ਵੱਲੋਂ ਅਲਾਟਮੈਂਟ ਲੈਟਰ ਦੇ Dispute Resolution Clause ਵਿੱਚ RERA ਮੁਤਾਬਿਕ ਕੀਤੀ ਜਾਣ ਵਾਲੀ ਸੋਧ ਨੂੰ ਪ੍ਰਵਾਨਗੀ ਦਿੱਤੀ ਗਈ।

## ਅਜੰਡਾ ਆਈਟਮ ਨੰ: 27.16

**Regarding Separation of books of accounts of EDC.**

ਅਥਾਰਟੀ ਵੱਲੋਂ ਗਮਾਡਾ ਦੇ ਈ.ਡੀ.ਸੀ ਅਕਾਊਂਟਸ ਨੂੰ ਗਮਾਡਾ ਅਕਾਊਂਟਸ ਤੋਂ ਵੱਖ ਕਰਨ ਦੀ ਤਜਵੀਜ ਨੂੰ ਪ੍ਰਵਾਨਗੀ ਦਿੱਤੀ ਗਈ।

## ਅਜੰਡਾ ਆਈਟਮ ਨੰ: 27.17

**Expenditure on EDC and Licencing Fee w.e.f 1-4-2019 to 31-03-2020.**

ਅਥਾਰਟੀ ਵੱਲੋਂ ਈ.ਡੀ.ਸੀ ਅਤੇ ਲਾਇਸੰਸ ਫੀਸ ਵਿੱਚੋਂ ਸਾਲ 2019-2020 ਵਿੱਚ ਕੀਤੇ ਗਏ ਖਰਚਿਆਂ ਦੀ ਕਾਰਜ-ਬਾਅਦ ਪ੍ਰਵਾਨਗੀ ਦਿੱਤੀ ਗਈ।

## ਅਜੰਡਾ ਆਈਟਮ ਨੰ: 27.18

**Agenda for the Revised Budget Estimates for the year 2020-21 and Budget Estimates for the year 2021-22.**

ਅਥਾਰਟੀ ਵੱਲੋਂ ਗਮਾਡਾ ਦੇ ਸਾਲ 2020-2021 ਦੇ ਰਿਵਾਇਜ਼ਡ ਬਜਟ ਅਤੇ ਸਾਲ 2021-2022 ਦੇ ਬਜਟ ਅਨੁਮਾਨਾਂ ਨੂੰ ਪ੍ਰਵਾਨਗੀ ਦਿੱਤੀ ਗਈ।

## ਅਜੰਡਾ ਆਈਟਮ ਨੰ: 27.19

**ਗਮਾਡਾ ਅਥਾਰਿਟੀ ਦੇ ਸਾਲ 2019-20 ਦੇ ਸਾਲਾਨਾ ਲੇਖਿਆਂ ਦੀ ਪ੍ਰਵਾਨਗੀ ਸਬੰਧੀ।**

ਅਥਾਰਟੀ ਵੱਲੋਂ ਸਾਲ 2019-2020 ਦੇ ਗਮਾਡਾ ਦੇ ਸਾਲਾਨਾ ਲੇਖਿਆਂ ਦੀ ਪ੍ਰਵਾਨਗੀ ਦਿੱਤੀ ਗਈ।

## ਅਜੰਡਾ ਆਈਟਮ ਨੰ: 27.20

**Annual Administrative Report for the year 2018-19.**

ਅਥਾਰਟੀ ਵੱਲੋਂ ਗਮਾਡਾ ਦੀ ਸਾਲ 2018-19 ਦੀ ਸਲਾਨਾ ਪ੍ਰਸ਼ਾਸਕੀ ਰਿਪੋਰਟ ਨੂੰ ਪ੍ਰਵਾਨਗੀ ਦਿੱਤੀ ਗਈ।

## ਅਜੰਡਾ ਆਈਟਮ ਨੰ: 27.21

**Annual Administrative Report for the year 2019-20.**

ਅਥਾਰਟੀ ਵੱਲੋਂ ਗਮਾਡਾ ਦੀ ਸਾਲ 2019-20 ਦੀ ਸਲਾਨਾ ਪ੍ਰਸ਼ਾਸਕੀ ਰਿਪੋਰਟ ਨੂੰ ਪ੍ਰਵਾਨਗੀ ਦਿੱਤੀ ਗਈ।

*ਮੀਟਿੰਗ ਧੰਨਵਾਦ ਦੇ ਮਤੇ ਸਹਿਤ ਸਮਾਪਤ ਕੀਤੀ ਗਈ।*

ਮੁੱਖ ਪ੍ਰਸ਼ਾਸਕ,
ਗਮਾਡਾ।